**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 2, FEB - 2022 Publication Date: 28/02/2022

DOIs:10.2018/SS/202202013 --:-- Research Article

# ਨਾਰੀ ਚੇਤਨਾ ਦਾ ਪ੍ਰਵਚਨ: ਲਾਵਾਰਿਸ ਲਾਸ਼

**ਡਾ. ਦੀਪਾ ਕੁਮਾਰ**
ਅਸਿਸਟੈਂਟ ਪ੍ਰੋਫੈਸਰ, ਸ੍ਰੀ ਗੁਰੂ ਗੋਬਿੰਦ ਸਿੰਘ ਕਾਲਜ ਆਫ ਕਾਮਰਸ, ਦਿੱਲੀ ਯੂਨੀਵਰਸਿਟੀ, ਦਿੱਲੀ
Email - drdeepa0726@gmail.com

***Abstract:*** 'ਖੁੱਲ੍ਹ ਜਾ ਸਿੰਮ ਸਿੰਮ, ਜੰਮੂ ਦੀ ਕਹਾਣੀਕਾਰਾ ਸੁਰਿੰਦਰ ਨੀਰ ਦਾ ਦੂਜਾ ਕਹਾਣੀ-ਸੰਗ੍ਰਹਿ ਹੈ। ਹਥਲੇ ਪਰਚੇ ਵਿਚ ਇਸ ਸੰਗ੍ਰਹਿ ਵਿਚਲੀ ਕਹਾਣੀ 'ਲਾਵਾਰਿਸ਼ ਲਾਸ਼" ਨੂੰ ਚਰਚਾ ਦਾ ਵਿਸ਼ਾ ਬਣਾਇਆ ਗਿਆ ਹੈ। ਸੰਬੰਧਤ ਕਹਾਣੀ ਦੇ ਅਧਿਐਨ ਰਾਹੀਂ ਕਹਾਣੀ ਦੀ ਮੁਖ ਪਾਤਰ ਦੇ ਹੋਂਦ ਮੁਖੀ ਸੰਕਟ ਕਾਰਣ ਪ੍ਰਭਾਵਿਤ ਮਾਨਸਿਕਤਾ ਨੂੰ ਸਮਝਣ ਦਾ ਜਤਨ ਕੀਤਾ ਗਿਆ ਹੈ।

***Key Words:*** ਖੁੱਲ੍ਹ ਜਾ ਸਿੰਮ ਸਿੰਮ, ਸੁਰਿੰਦਰ ਨੀਰ, ਪੰਜਾਬੀ-ਕਹਾਣੀ ।

'ਲਾਵਾਰਿਸ਼ ਲਾਸ਼' ਕਹਾਣੀ, ਜੰਮੂ ਦੀ ਪ੍ਰਸਿਧ ਕਹਾਣੀਕਾਰਾ ਸੁਰਿੰਦਰ ਨੀਰ ਦੇ ਕਹਾਣੀ-ਸੰਗ੍ਰਹਿ *ਖੁੱਲ੍ਹ ਜਾ ਸਿੰਮ ਸਿੰਮ* ਵਿਚ ਦਰਜ 13 ਕਹਾਣੀਆਂ ਵਿਚੋਂ ਇਕ ਹੈ। *ਦਸਤਕ ਦੀ ਉਡੀਕ* ਕਹਾਣੀ-ਸੰਗ੍ਰਹਿ ਤੋਂ ਆਪਣੀ ਕਹਾਣੀ-ਕਲਾ ਦੀ ਸ਼ੁਰੂਆਤ ਕਰਨ ਮਗਰੋਂ 2009 ਵਿਚ ਸੁਰਿੰਦਰ ਨੀਰ ਨੇ *ਖੁੱਲ੍ਹ ਜਾ ਸਿੰਮ ਸਿੰਮ* ਕਹਾਣੀ-ਸੰਗ੍ਰਹਿ ਲਿਖ ਕੇ ਪੰਜਾਬੀ ਸਾਹਿਤ (ਕਥਾ) ਜਗਤ ਵਿਚ ਆਪਣੀ ਨਿਵੇਕਲੀ ਥਾਂ ਬਣਾਈ ਹੈ। ਇਕ ਪਾਸੇ ਇਸ ਸੰਗ੍ਰਹਿ ਦਾ ਕਥਾ-ਬਿਰਤਾਂਤ ਪੰਜਾਬੀ ਕਥਾ-ਬਿਰਤਾਂਤ ਨੂੰ ਵੱਖਰਤਾ ਪ੍ਰਦਾਨ ਕਰਦਾ ਹੈ ਦੂਜੇ ਪਾਸੇ ਲੇਖਿਕਾ ਦਾ ਸੰਬੰਧ ਜੰਮੂ-ਕਸ਼ਮੀਰ ਤੋਂ ਹੋਣ ਕਰਕੇ ਪੰਜਾਬੀ ਕਥਾ ਨੂੰ ਤਾਜ਼ਗੀ ਭਰਪੂਰ ਅਹਿਸਾਸ ਵੀ ਕਰਵਾਉਂਦਾ ਹੈ।

ਜੇਕਰ ਅਸੀਂ ਲੇਖਿਕਾ ਦੁਆਰਾ ਰਚਿਤ ਕਹਾਣੀ ਸੰਗ੍ਰਹਿ 'ਖੁੱਲ੍ਹ ਜਾ ਸਿੰਮ ਸਿੰਮ' ਵਿਚ ਦਰਜ ਕਹਾਣੀ 'ਲਾਵਾਰਿਸ ਲਾਸ਼' ਦੇ ਸੰਦਰਭ ਵਿਚ ਗੱਲ ਕਰੀਏ ਤਾਂ ਇਹ ਕਹਾਣੀ ਨਾਰੀਵਾਦੀ ਮਸਲਿਆਂ ਅਤੇ ਨਾਰੀ ਦੀ ਚੇਤਨਾ, ਅਰਧ-ਚੇਤਨਾ ਅਤੇ ਅਵਚੇਤਨ ਦੀ ਖੂਬਸੂਰਤ ਪੇਸ਼ਕਾਰੀ ਕਰਦੀ ਜਾਪਦੀ ਹੈ। ਇਸ ਤੋਂ ਇਲਾਵਾ ਅਸਤਿਤਵੀ ਸੰਕਟ ਜਾਂ ਮਾਨਵੀ ਅਸਤਿਤਵ ਦਾ ਮੁੱਦਾ ਵੀ ਇਸ ਕਹਾਣੀ ਅੰਦਰ ਪ੍ਰਚੰਡ ਰੂਪ ਵਿਚ ਉਭਰ ਕੇ ਸਾਹਮਣੇ ਆਉਂਦਾ ਹੈ ਜੋ ਕਿ ਨਾਇਕਾ ਦੀ ਮਾਨਸਿਕ ਨੂੰ ਲਗਾਤਾਰ ਪ੍ਰਭਾਵਿਤ ਕਰਦਾ ਰਹਿੰਦਾ ਹੈ।

ਕਹਾਣੀ ਦੀ ਸ਼ੁਰੂਆਤ ਮੈਡੀਕਲ ਕਾਲਜ ਦੇ ਮੁਰਦਾਘਰ ਵਿਚ ਪਈ ਕਹਾਣੀ ਦੀ ਨਾਇਕਾ ਕਮਲੇਸ਼ ਉਰਫ਼ ਨਰਗਿਸ ਦੀ ਲਾਸ਼ ਦੁਆਰਾ ਧਰਮ ਦੇ ਠੇਕੇਦਾਰਾਂ ਨੂੰ ਸੰਬੋਧਨ ਤੋਂ ਹੁੰਦੀ ਹੈ, ਜੋ ਮਰਨ ਤੋਂ ਬਾਅਦ ਆਪਣੇ ਮੁਰਦਾ ਸਰੀਰ ਨਾਲ ਹੁੰਦੀ ਜ਼ਿਆਦਤੀ ਤੋਂ ਖ਼ੌਫਜ਼ਦਾ ਹੈ। ਕਮਲੇਸ਼ ਉਰਫ਼ ਨਰਗਿਸ ਪੰਡਤ ਤੇ ਮੌਲਵੀਆਂ ਨੂੰ ਪੁਕਾਰ ਰਹੀ ਹੈ ਕਿ ਉਹ ਉਸਦੇ ਉੱਤੇ ਰਹਿਮ ਕਰਕੇ ਉਸਦੇ ਮੁਰਦਾ ਸਰੀਰ ਨੂੰ ਦਫ਼ਨਾ ਦੇਣ ਜਾਂ ਅਗਨੀ ਨੂੰ ਭੇਂਟ ਕਰ ਦੇਣ। ਪਰ ਉਹ ਉਹਨਾਂ ਮੌਲਵੀਆਂ ਤੇ ਪੰਡਤਾਂ ਨੂੰ ਆਪਣੇ ਮਰਨ ਤੋਂ ਬਾਅਦ ਅੰਤਮ ਰਸਮਾਂ ਦੀ ਅਦਾਇਗੀ ਲਈ ਰਾਜ਼ੀ ਕਰਨ ਤੋਂ ਅਸਮਰਥ ਦਿਖਾਈ ਦਿੰਦੀ ਹੈ। ਆਪਣੇ ਨਾਲ ਪਾਠਕਾਂ ਨੂੰ ਜਾਣੂ ਕਰਵਾਉਂਦੀ ਨਾਇਕਾ ਆਪਣੇ ਅਤੀਤ ਵਲ ਨੂੰ ਪਰਤਦੀ ਹੈ ਤੇ ਫਲੈਸ਼ ਬੈਕ (ਪਿੱਛਲ ਝਾਤ) ਦੀ ਵਿਧੀ ਰਾਹੀਂ ਨਾਇਕਾ ਆਪਣੇ ਕਮਲੇਸ਼ ਰੂਪੀ ਜੀਵਨ ਦੀ ਤਸਵੀਰ ਨੂੰ ਪਾਠਕਾਂ ਦੇ ਰੂ-ਬ-ਰੂ ਕਰਵਾਉਂਦੀ ਹੈ।

ਆਪਣੇ ਅਤੀਤ ਵਿਚ ਦਾਖ਼ਲ ਹੁੰਦੀ ਨਾਇਕਾ ਦੱਸਦੀ ਹੈ ਕਿ ਉਹ ਯੂਨੀਵਰਸਿਟੀ ਦੇ ਦਿਨਾਂ ਵਿਚ ਓਸ਼ੋ ਵਿਚਾਰਧਾਰਾ ਤੋਂ ਪ੍ਰਭਾਵਿਤ ਅਨੰਤ ਕੁਮਾਰ ਉਰਫ ਸਵਾਮੀ ਅਨੰਤਮ ਦੇ ਪਿਆਰ ਪ੍ਰਤਿ ਵਿਖਿਆਨ ਸੁਣ ਕੇ ਇੰਨੀ ਪ੍ਰਭਾਵਿਤ ਹੁੰਦੀ ਹੈ ਕਿ ਉਹ ਮਜ਼੍ਹਹਬੀ ਹੱਦ-ਬੰਦੀਆਂ ਤੋਂ ਪਾਰ ਜਾ ਕੇ ਇਕ ਮੁਸਲਿਮ ਮੁੰਡੇ, ਇਰਫਾਨ ਮਲਿਕ ਦੀ ਮੁਹੱਬਤ ਨੂੰ ਕਬੂਲ ਹੀ ਨਹੀਂ ਕਰਦੀ ਸਗੋਂ ਸਮਾਜ ਅਤੇ ਪਰਿਵਾਰ ਦੇ ਖਿਲਾਫ਼ ਜਾ ਕੇ ਇਰਫਾਨ ਮਲਿਕ ਨਾਲ ਵਿਆਹ ਕਰਵਾ, ਕਮਲੇਸ਼ ਤੋਂ ਨਰਗਿਸ ਬਣ ਜਾਂਦੀ ਹੈ। ਇਸਦੇ ਉਲਟ ਇਰਫਾਨ ਦੀ ਮਾਨਸਿਕਤਾ ਕਮਲੇਸ਼ ਤੋਂ ਨਰਗਿਸ ਬਣੀ ਨਾਇਕਾ ਦੇ ਅਸਤਿਤਵ ਤੇ ਪ੍ਰਹਾਰ ਕਰਨ ਮਗਰੋਂ ਵੀ ਗ਼ੈਰ ਮਜ਼੍ਹਹਬੀ ਕੁੜੀ ਨਾਲ ਵਿਆਹ ਕਰਨ ਦੀ ਘਟਨਾ ਨੂੰ ਕਬੂਲ ਨਹੀਂ ਕਰ ਪਾਉਂਦਾ। ਦੋਵਾਂ ਦੀ ਧੀ 'ਬੁਲਬੁਲ' ਭਾਵੇਂ ਨਰਗਿਸ ਤੇ ਇਰਫਾਨ ਦੇ ਰਿਸ਼ਤੇ ਵਿਚਕਾਰ ਪੁਲ ਦਾ ਕੰਮ ਕਰਦੀ ਹੈ ਪਰ ਇਹ ਪੁਲ ਵੀ ਢਹਿ ਜਾਂਦਾ ਹੈ ਜਦੋਂ ਇਰਫਾਨ ਆਪਣੀ ਅੰਮੀ ਦੇ ਕਹਿਣ ਮੁਤਾਬਕ ਦੂਜਾ ਵਿਆਹ ਕਰ ਲੈਂਦਾ ਹੈ। ਆਪਣੇ ਨਾਲ ਹੋਈ ਇਸ ਜ਼ਿਆਦਤੀ ਨੂੰ ਬਰਦਾਸ਼ਤ ਨਾ ਕਰਦੀ ਹੋਈ ਨਰਗਿਸ ਸਵੈ-ਪੀੜਾ ਹੰਡਾਉਂਦੀ ਆਤਮ-ਹੱਤਿਆ ਕਰ ਲੈਂਦੀ ਹੈ।

ਕਹਾਣੀ ਨੂੰ ਮੁਖ ਰੱਖਦਿਆਂ ਜਦੋਂ ਅਸੀਂ ਨਾਰੀ ਅਸਤਿਤਵ ਦੇ ਸੰਕਟ ਦੀ ਗੱਲ ਕਰੀਏ ਤਾਂ ਭਾਰਤੀ ਸਮਾਜ ਔਰਤ ਦੀ ਹੋਂਦ/ਹਸਤੀ/ਅਸਤਿਤਵ ਨੂੰ ਮੁਖ ਰੂਪ ਵਿਚ ਉਸ ਤਰ੍ਹਾਂ ਨਾਲ ਅਹਿਮਿਅਤ ਨਹੀਂ ਦਿੰਦਾ ਜਿਸ ਪ੍ਰਕਾਰ ਇਕ ਮਰਦ ਨੂੰ ਦਿੱਤੀ ਜਾਂਦੀ ਹੈ। ਮੁੰਡਾ ਜਾਂ ਕੁੜੀ ਸਮਾਜ ਵਿਚ ਵਿਚਰਨ ਤੋਂ ਪਹਿਲਾਂ ਹੀ ਘਰ/ਪਰਿਵਾਰ ਵਿਚ ਲੈਂਗਿਕ ਭੇਦ ਦੀ ਇਸ ਰਾਜਨੀਤੀ ਤੋਂ ਅਚੇਤਨ ਰੂਪ ਵਿਚ ਗੁਜ਼ਰਦੇ ਹਨ। ਇਹ ਭੇਦ ਜਨਮ ਤੋਂ ਲੈ ਕੇ ਪਰਵਰਿਸ਼ ਦੇ ਲਗਭਗ ਹਰ ਪੜਾਅ ਤੋਂ ਹੁੰਦਿਆਂ ਹੋਇਆ ਔਰਤ ਨੂੰ ਭੋਗਣਾ ਪੈਂਦਾ ਹੈ। ਔਰਤ ਦੇ ਜਨਣੀ ਹੋਣ ਦੇ ਬਾਵਜੂਦ ਵੀ ਮਰਦ ਨੂੰ ਵੰਸ਼ ਚਲਾਉਣ ਅਤੇ ਵੰਸ਼ ਨੂੰ ਪੈਦਾ ਕਰਨ ਦਾ ਜ਼ਿੰਮੇਦਾਰ ਮੰਨਿਆ ਜਾਂਦਾ ਹੈ। ਅਜਿਹੀ ਸਥਿਤੀ ਵਿਚ ਜੇਕਰ ਔਰਤ ਆਪਣੇ ਕੁੱਖੋਂ ਮੁੰਡੇ ਨੂੰ ਜਨਮ ਦਿੰਦੀ ਹੈ ਤਾਂ ਇਸ ਦਾ ਸਿਹਰਾ ਮਰਦ ਧਿਰ ਦੇ ਸਿਰ ਬੰਨ ਦਿੱਤਾ ਜਾਂਦਾ ਹੈ ਪਰ ਜੇ ਉਹ ਕੁੜੀ ਨੂੰ ਜਨਮ ਦੇਵੇ ਤਾਂ ਦੋਸ਼ੀ ਵਜੋਂ ਔਰਤ ਨੂੰ ਹੀ ਜਲਾਲਤ ਬਰਦਾਸ਼ਤ ਕਰਨੀ ਪੈਂਦੀ ਹੈ। ਭਾਵੇਂ ਵਿਗਿਆਨਕ ਤਰੱਕੀ ਨੇ ਬੱਚੇ ਦੇ ਕੁੜੀ ਜਾਂ ਮੁੰਡੇ ਦੇ ਰੂਪ ਵਿਚ ਜਨਮ ਲੈਣ ਦਾ ਜ਼ਿੰਮੇਦਾਰ ਮਰਦ ਨੂੰ ਮੰਨਿਆ ਹੈ ਬਾਵਜੂਦ ਇਸ ਦੇ ਭਾਰਤੀ ਮਾਨਸਿਕਤਾ ਇਸ ਗੱਲ ਨੂੰ ਕਬੂਲ ਕਰਨ ਤੋਂ ਇਨਕਾਰੀ ਜਾਪਦੀ ਹੈ। ਇਸ ਤੋਂ ਅਗਾਂਹ ਜਦੋਂ ਮੁੰਡੇ ਅਤੇ ਕੁੜੀ ਦੇ ਸਮਾਜ ਵਿਚ ਵਿਚਰਨ ਦੀ ਅਵਸਥਾ ਆਉਂਦੀ ਹੈ

**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 2, FEB - 2022 Publication Date: 28/02/2022

ਤਾਂ ਵੀ ਸਮਾਜ ਅਤੇ ਪਰਿਵਾਰ ਦੋਵਾਂ ਨੂੰ ਅਲਗ-ਅਲਗ ਚੌਖਟੇ ਵਿਚ ਰੱਖ ਕੇ ਉਹਨਾਂ ਲਈ ਨਿਯਮ/ਕਾਨੂੰਨ ਨਿਰਧਾਰਿਤ ਕਰਦਾ ਹੈ। ਕੁੜੀ ਨੂੰ ਘਰ ਦੀ ਇਜ਼ੱਤ/ਮਾਣ ਮੰਨ ਕੇ ਉਸਦੇ ਲਈ ਘਰ ਦੀ ਚਾਰਦਿਵਾਰੀ ਨਿਰਧਾਰਿਤ ਕੀਤੀ ਜਾਂਦੀ ਹੈ ਅਤੇ ਮੁੰਡੇ ਤੋਂ ਵੰਸ਼ ਚੱਲਣ ਦੀ ਮਾਨਸਿਕਤਾ ਅਧੀਨ ਉਸਦੇ ਅਮਾਨਵੀ ਅਤੇ ਅਨੈਤਿਕ ਵਤੀਰੇ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਜਾਂਦੀ ਹੈ।

ਕਹਾਣੀ ਵਿਚ ਕਮਲੇਸ਼ ਜਦੋਂ ਆਪਣੇ ਪਰਿਵਾਰ ਸਾਹਮਣੇ ਇਰਫਾਨ ਮਲਿਕ ਨਾਲ ਆਪਣੀ ਮੁਹੱਬਤ ਦਾ ਇਜ਼ਹਾਰ ਕਰਦੀ ਹੈ ਤਾਂ ਉਸਦੇ ਮਾਂ-ਪਿਓ ਕਮਲੇਸ਼ ਦੇ ਜਨਮ ਉੱਤੇ ਅਫਸੋਸ ਪ੍ਰਗਟਾਉਂਦੇ ਹੋਏ ਉਸ ਤੋਂ ਸਾਰੇ ਨਾਤੇ ਤੋੜ, ਉਸ ਨੂੰ ਆਪਣੇ ਪਰਿਵਾਰ ਤੋਂ ਬੇਦਖਲ ਕਰ ਦਿੰਦੇ ਹਨ, ਪਰ ਦੂਜੇ ਪਾਸੇ ਇਰਫਾਨ ਦਾ ਪਰਿਵਾਰ ਕਮਲੇਸ਼ ਨੂੰ ਨਾ ਅਪਨਾ ਕੇ ਆਪਣੇ ਪੁੱਤਰ ਨਾਲ ਰਾਬਤਾ ਕਾਇਮ ਰੱਖਦਾ ਹੈ। ਭਾਵੇਂ ਕਮਲੇਸ਼ ਵਿਆਹ ਮਗਰੋਂ ਆਪਣਾ ਧਰਮ ਛੱਡ ਆਪਣੇ ਆਪ ਨੂੰ ਕਮਲੇਸ਼ ਤੋਂ ਨਰਗਿਸ ਬਣਨਾ ਪ੍ਰਵਾਨ ਕਰਦੀ ਹੈ ਪਰ ਇਰਫਾਨ ਮਲਿਕ ਦੀ ਬੇਰੁਖ਼ੀ ਉਸਦੇ ਅਸਤਿਤਵੀ ਸੰਕਟ ਕਾਰਨ ਉਪਜੇ ਤਨਾਓ ਨੂੰ ਹੋਰ ਗਹਿਰਾ ਦਿੰਦੀ ਹੈ। ਇਸਦਾ ਅੰਦਾਜ਼ਾ ਕਮਲੇਸ਼ ਉਰਫ਼ ਨਰਗਿਸ ਦੇ ਯੁਵਾ ਅਵਸਥਾ ਦੇ ਜੀਵਨ-ਕਾਲ ਵਿਚ ਵਾਪਰੀਆਂ ਘਟਨਾਵਾਂ ਤੋਂ ਸਹਿਜੇ ਹੀ ਲਾਇਆ ਜਾ ਸਕਦਾ ਹੈ। ਮਿਸਾਲ ਦੇ ਤੌਰ 'ਤੇ:

> ਮੇਰੀ ਪਹਿਚਾਣ ਯੂਨੀਵਰਸਿਟੀ ਦੇ ਉਸੇ ਲਾਅ ਡਿਪਾਰਟਮੈਂਟ ਵਿਚ ਸਵਾਮੀ ਅਨੰਤਮ ਦੇ ਵਿਖਿਆਨ ਸੁਣਦਿਆਂ ਖੌਰੇ ਕਿਥੇ ਗੁਆਚ ਗਈ ਤੇ ਮੁੜ ਲਭੀ ਹੀ ਨਹੀਂ। ਮੈਂ ਬਾਕੀ ਦੀ ਸਾਰੀ ਉਮਰ ਉਸ ਤਿੜਕੀ-ਗੁਆਚੀ ਪਹਿਚਾਣ ਦੇ ਟੁਕੜੇ ਚੁਣਦੀ, ਜੋੜਦੀ ਰਹੀ ਹਾਂ, ਜਿਹੜੀ ਨਾ ਮੁੜ ਕਦੀ ਸਾਬਤ ਮਿਲੀ ਤੇ ਨਾ ਹੀ ਸਾਬਤ ਜੁੜ ਸਕੀ। ਮੈਂ ਵੀ ਸਵਾਮੀ ਅਨੰਤਮ ਦੇ ਪ੍ਰਵਚਨਾਂ ਵਿਚ ਕੀਲੀ ਹੋਈ ਵਿਸਮਾਦ ਦੀ ਅਵਸਥਾ ਵਿਚ ਪੁੱਜ ਗਈ ਸਾਂ ਤੇ ਇਸੇ ਵਿਸਮਾਦ ਦੀ ਚਰਮ ਸੀਮਾ ਵਿਚ ਮੈਂ ਕਮਲੇਸ਼ ਗੁਪਤਾ ਤੋਂ ਮਿਸਿਜ਼ ਇਰਫਾਨ ਮਲਿਕ ਬਣ ਗਈ ਸਾਂ।[1]

ਕਹਾਣੀ ਦੀ ਨਾਇਕਾ ਆਪਣੇ ਨਾਂ ਦੇ ਬਦਲੇ ਜਾਣ ਜਾਂ ਆਪਣੇ ਅਸਤਿਤਵ ਉੱਤੇ ਚੋਟ ਹੋਣ ਦੇ ਬਾਵਜੂਦ, ਖੁਸ਼ੀ-ਖੁਸ਼ੀ ਇਰਫਾਨ ਪ੍ਰਤਿ ਆਪਣੇ ਪਿਆਰ ਦੀ ਗਵਾਹੀ ਭਰਦੀ ਹੈ ਪਰ ਇਸਦੇ ਬਾਵਜੂਦ ਇਰਫਾਨ ਸਮਾਜਕ ਤੌਰ ਉੱਤੇ ਪਤੀ-ਪਤਨੀ ਬਣਨ ਮਗਰੋਂ ਵੀ ਨਰਗਿਸ ਤੋਂ ਦੂਰੀ ਬਣਾ ਕੇ ਰਖਦਾ ਹੈ। ਕਹਾਣੀ ਵਿਚ ਇਰਫਾਨ ਦੁਆਰਾ ਨਰਗਿਸ ਤੋਂ ਦੂਰੀ ਬਣਾ ਕੇ ਰੱਖਣ ਦਾ ਅਹਿਮ ਕਾਰਨ, ਦੋਵਾਂ ਦੇ ਧਰਮਾਂ ਵਿਚਲਾ ਅੰਤਰ ਕਈ ਥਾਵਾਂ ਉੱਤੇ ਕਹਾਣੀ ਅੰਦਰ ਉਭਰ ਕੇ ਸਾਹਮਣੇ ਆਉਂਦਾ ਹੈ। ਕਮਲੇਸ਼ ਤੋਂ ਨਰਗਿਸ ਬਣੀ ਕਹਾਣੀ ਦੀ ਨਾਇਕਾ ਆਪਣੇ ਵਿਆਹ ਤੋਂ ਬਾਅਦ ਪਹਿਲੀ ਰਾਤ ਦੀ ਘਟਨਾ ਬਾਰੇ ਦੱਸਦੀ ਹੈ:

> ਬੜੇ ਹਾਸੇ ਮਖੌਲਾ ਵਿਚ ਕੁੜੀਆਂ ਮੈਨੂੰ ਸਜੇ ਸੰਵਰੇ ਕਮਰੇ ਵਿਚ ਛੱਡ ਕੇ ਵਾਪਸ ਚਲੀਆਂ ਗਈਆਂ ਸਨ। ਤੇ ਮੈਂ ਮਹਿਸੂਸ ਕੀਤਾ, ਬਹਿਕੇ ਬਹਿਕੇ ਕਦਮਾਂ ਦੀ ਚਾਪ ਮੇਰੇ ਨੇੜੇ ਆ ਕੇ ਰੁਕ ਗਈ ਸੀ। .... ਇਰਫਾਨ ਦੀਆਂ ਅੱਖਾਂ 'ਚ ਹੈਰਾਨੀ ਤੇ ਮਸਤੀ ਭਰੀ ਹੋਈ ਸੀ। ਬੜਾ ਹੀ ਰੁਮਾਂਟਿਕ ਮਾਹੌਲ ਸੀ ਪਰ ਅਚਾਨਕ ਜਿਵੇਂ ਇਕ ਲਕੀਰ ਜਹੀ ਇਰਫਾਨ ਦੇ ਮੱਥੇ ਵਿਚਕਾਰ ਖਿੱਚੀ ਗਈ। ਉਸਦੀ ਨਜ਼ਰ ਹੁਣ ਮੇਰਾ ਜਾਇਜ਼ਾ ਲੈ ਰਹੀ ਸੀ। ਮੇਰੇ ਕਲੀਰਿਆਂ ਤੋਂ ਹੁੰਦੀ ਹੋਈ, ਮੇਰੇ ਚੂੜੇ 'ਤੇ, ਤੇ ਚੂੜੇ ਤੋਂ ਹੁੰਦੀ ਹੋਈ ਮੇਰੇ ਗਲੇ ਵਿਚ ਪਈ ਮਾਂ ਦੁਰਗਾ ਦੀ ਤਸਵੀਰ ਵਾਲੀ ਜੰਜ਼ੀਰੀ। .... ਅਜੀਬ ਜਿਹੇ ਰੰਗ ਉਸਦੇ ਚਿਹਰੇ 'ਤੇ ਆ ਰਹੇ ਸਨ ਤੇ ਮੈਂ ਇਹਨਾਂ ਭਖਦੇ ਰੰਗਾਂ ਦੇ ਰੇਗਿਸਤਾਨ ਵਿਚ ਜ਼ੱਰਾ-ਜ਼ੱਰਾ ਹੋ ਕੇ ਬਿਖਰ ਗਈ। ਉਦੋਂ ਮੈਂ ਮਹਿਸੂਸ ਕੀਤਾ ਜਿਵੇਂ ਦੋ ਜਿਸਮਾਂ ਦੀ ਇਕਮਿਕਤਾ ਵਿਚਾਲੇ ਕੋਈ ਡੂੰਘਾ ਦਰਿਆ ਸ਼ਾਂ-ਸ਼ਾਂ ਕਰਦਾ ਵਹਿ ਰਿਹਾ ਹੈ ਤੇ ਉਸਦੇ ਕਿਨਾਰਿਆਂ 'ਤੇ ਉਰਾਰ ਪਾਰ ਖੜੇ ਅਸੀਂ ਦੋਵੇਂ ਇਕ ਦੂਜੇ ਨੂੰ ਛੂਹ ਰਹੇ ਸਾਂ ਪਰ ਵਿਚਾਲੇ ਵਹਿੰਦਾ ਦਰਿਆ ਆਪਣੇ ਵਹਾਓ ਨਾਲ ਵਹਿ ਰਿਹਾ ਹੈ।[2]

ਇੰਝ ਵਿਆਹ ਮਗਰੋਂ ਪਹਿਲੀ ਰਾਤ ਦੋਵਾਂ ਵਿਚਾਲੇ ਬਣੀ ਦੂਰੀ ਵੱਧਦੀ ਜਾਂਦੀ ਹੈ। ਭਾਵੇਂ ਉਹਨਾਂ ਦੀ ਬੇਟੀ 'ਬੁਲਬੁਲ' ਦਾ ਜਨਮ ਇਸ ਦੂਰੀ ਨੂੰ ਘੱਟ ਹੋਣ ਦਾ ਕਾਰਣ ਬਣਦਾ ਹੈ ਪਰ ਬੁਲਬੁਲ ਅਤੇ ਇਰਫਾਨ ਦੇ ਰਿਸ਼ਤੇ ਨੂੰ ਇਰਫਾਨ ਦੇ ਪਰਿਵਾਰ ਦੁਆਰਾ ਨਾ ਅਪਣਾਏ ਜਾਣਾ ਅਤੇ ਨਰਗਿਸ ਨੂੰ ਉਸ ਪਰਿਵਾਰ ਤੋਂ ਦਰਕਿਨਾਰ ਕਰਨ ਦੀ ਪ੍ਰਕਿਰਿਆ, ਨਰਗਿਸ ਦੀ ਤਨਾਓਗ੍ਰਸਤ ਸਥਿਤੀ ਦਾ ਕਾਰਨ ਬਣਦੀ ਹੈ। ਇਰਫਾਨ ਇਸ ਸਾਰੀ ਪ੍ਰਕਿਰਿਆ ਦੇ ਤਹਿਤ ਨਰਗਿਸ ਲਈ ਅਪਣੇ ਘਰ/ਪਰਿਵਾਰ ਵਿਚ ਕੋਈ ਮੁਕੰਮਲ ਥਾਂ ਬਣਾਉਣ ਦੀ ਕੋਸ਼ਿਸ਼ ਕਰਦਾ ਨਜ਼ਰ ਨਹੀਂ ਆਉਂਦਾ। ਇੰਝ ਇਕ ਪਤਨੀ, ਨੂੰਹ ਅਤੇ ਖਾਸ ਤੌਰ 'ਤੇ ਮਾਂ ਦੇ ਰੂਪ ਵਿਚ ਆਪਣੀ ਖੁਰਦੀ ਹੋਂਦ ਕਾਰਨ ਉਹ ਜਿਸ ਪ੍ਰਕਾਰ ਦੇ ਮਾਨਸਿਕ ਸੰਤਾਪ ਵਿਚੋਂ ਗੁਜ਼ਰਦੀ ਹੈ, ਕਹਾਣੀਆਂ ਦੀਆਂ ਅਗਲੇਰੀਆਂ ਸਤਰਾਂ ਇਸਦਾ ਖੂਬਸੂਰਤ ਪ੍ਰਗਟਾਵਾ ਕਰਦੀਆਂ ਹਨ:

> ਅਜੀਬ ਦਸਤੂਰ ਨੇ ਦੁਨੀਆਂ ਦੇ। ਮਾਂ-ਬਾਪ ਦੇ ਲਈ ਪੁੱਤਰ ਦਾ ਖੂਨ ਆਪਣਾ ਸੀ। ਉਸ ਨਾਲ ਕੋਈ ਗਿਲਾ ਸ਼ਿਕਵਾ ਨਹੀਂ ਸੀ ਪਰ ਜਿਸ ਕੁੱਖ 'ਚੋਂ ਉਸਨੇ ਜਨਮ ਲਿਆ ਸੀ ਉਹ ਕੁੱਖ ਗ਼ੈਰ ਜ਼ਰੂਰਤ ਸੀ। ਉਸਦਾ ਹੋਣਾ ਨਾ ਹੋਣਾ ਕੋਈ ਮਾਅਨੀ ਨਹੀਂ ਸੀ।[3]

ਇੰਝ ਉਪਰੋਕਤ ਸਥਿਤੀ ਸਮਾਜ ਅੰਦਰ ਔਰਤ ਅਤੇ ਮਰਦ ਵਿਚਾਲੇ ਕੀਤੀ ਅਨਿਆਪੂਰਣ ਅਧਿਕਾਰਾਂ/ਹੱਕਾਂ ਦੀ ਵੰਡ ਦੀ ਪੇਸ਼ਕਾਰੀ ਕਰਦੀ ਹੈ। ਇਰਫਾਨ ਜੋ ਕਿ ਪੜ੍ਹੇ-ਲਿਖੇ ਯੁਵਾ ਵਰਗ ਦਾ ਪ੍ਰਤਿਨਿਧਿਤੱਵ ਕਰਦਾ ਦਿਖਾਇਆ ਜਾ ਸਕਦਾ ਸੀ ਪਰ ਉਸਦੀ ਪੜ੍ਹਾਈ ਲਿਖਾਈ ਵੀ ਔਰਤ-ਮਰਦ ਵਿਚਾਲੇ ਅਧਿਕਾਰਾਂ ਦੀ ਅਨਿਆਪੂਰਨ ਵੰਡ ਦੇ ਵਿਰੋਧ ਵਿਚ ਅਤੇ ਧਰਮ ਤੇ ਜਾਤ ਦੀ ਵੰਡ ਨੂੰ ਘਟਾਉਣ ਦੇ ਸਮਰੱਥ ਨਹੀਂ ਦਿੱਸਦੀ। ਕਹਾਣੀ ਵਿਚ ਨਾਇਕਾ ਇਕ ਥਾਂ ਉੱਤੇ ਸਮਾਜ ਦੁਆਰਾ ਔਰਤ ਦੀ ਨਿਰਧਾਰਿਤ ਕੀਤੀ ਹੱਦਾਂ ਅਤੇ ਥਾਂ ਵਲ ਵੀ ਧਿਆਨ ਦਿਵਾਉਂਦੀ ਨਜ਼ਰ ਆਉਂਦੀ ਹੈ:

> ਕਿੰਨੀ ਹੋਛੀ ਹੈ ਔਰਤ ਕਿ ਸਿਰਫ ਇਕ ਨਾਂ ਨੂੰ ਪ੍ਰਨਾਉਣ ਵਾਸਤੇ ਉਹ ਸਭ ਕੁਝ ਵਾਰ ਦੇਂਦੀ ਹੈ। ਉਹਦਾ ਆਪਣਾ ਕੁਝ ਨਹੀਂ ਰਹਿੰਦਾ। ਉਹ ਪ੍ਰਨਾਉਣ ਵਾਲੇ ਦੇ ਨਾਂ ਨਾਲ ਹੀ ਜਾਣੀ ਜਾਂਦੀ ਹੈ। ਉਹਦਾ ਨਾਂ ਹੀ ਓੜਦੀ ਹੈ, ਉਹਦੇ ਨਾਂ ਨਾਲ ਜੁੜੇ ਰਹਿਣ ਵਿਚ ਹੀ ਆਪਣੀ ਖ਼ੁਸ਼ਨਸੀਬੀ ਸਮਝਦੀ ਹੈ। ਉਹਦੇ ਹੱਸਣ 'ਤੇ ਹੱਸਦੀ ਹੈ ਤੇ ਉਹਦੀ ਉਦਾਸੀ 'ਤੇ ਝੂਰਦੀ ਹੈ। ਉਹਦੀ ਆਗਿਆ 'ਤੇ

ਉਠਦੀ ਹੈ ਉਹਦੇ ਇਸ਼ਾਰੇ 'ਤੇ ਨਿਰਵਸਤਰ ਹੁੰਦੀ ਹੈ, ਉਹਦੇ ਨੋਚਣ ਘਸੋਟਣ ਤੇ ਕ੍ਰਿਆਸ਼ੀਲ ਹੁੰਦੀ ਹੈ, ਉਹਦੇ ਹੰਭ ਕੇ ਢਹਿ ਢੇਰੀ ਹੋ ਜਾਣ ਤੇ ਆਹ ਭਰ ਕੇ ਲੇਟ ਜਾਂਦੀ ਹੈ। ਆਪਣੀ ਕੋਈ ਜਾਤ ਨਹੀਂ, ਕੋਈ ਅਹਿਸਾਸ, ਕੋਈ ਖਾਹਿਸ਼ ਨਹੀਂ ਜਾਂ ਪ੍ਰਗਟਾਉਣ ਦੀ ਜੁਅਰਤ ਨਹੀਂ।[4]

ਪ੍ਰਸਿਧ ਅਸਤਿਤਵਵਾਦੀ ਚਿੰਤਕ ਕਿਰਕੇਗਾਰਦ ਅਸਤਿਤਵ ਦੀਆਂ ਤਿੰਨ ਅਵਸਥਾਵਾਂ ਵਿਚੋਂ ਨੈਤਿਕ ਅਵਸਥਾ ਦੀ ਗੱਲ ਕਰਦਾ ਹੋਇਆ ਵਿਆਹੁਤਾ ਜ਼ਿੰਦਗੀ ਜਾਂ ਕਿਸੇ ਵੀ ਲੌਕਿਕ ਸੰਬੰਧ ਨੂੰ ਸਵੀਕਾਰ ਕਰਦਾ ਹੈ। ਉਹ ਇਸ ਗੱਲ ਨੂੰ 'ਸਵੈ' ਤੋਂ 'ਪਰ'ਦੇ ਸੰਕਲਪ ਰਾਹੀਂ ਸਮਝਾਉਂਦਾ ਹੈ। ਜੇਕਰ ਕਹਾਣੀ ਦੇ ਹਵਾਲੇ ਨਾਲ ਦੇਖੀਏ ਤਾਂ ਨਰਗਿਸ ਵਿਆਹੁਤਾ ਸੰਬੰਧ ਵਿਚ ਬੱਝਣ ਮਗਰੋਂ ਆਪਣੀਆਂ ਨੈਤਿਕ ਜ਼ਿੰਮੇਵਾਰੀਆਂ ਨੂੰ ਸਮਝਦੀ ਹੋਈ 'ਸਵੈ' ਤੋਂ 'ਪਰ' ਵਲ ਵੱਧਦੀ ਹੈ। ਉਸਦਾ 'ਸਵੈ' ਤੋਂ 'ਪਰ' ਵਲ ਵੱਧਣਾ 'ਸਵੈ' ਨੂੰ 'ਪਰ' ਨਾਲ ਜੋੜਨਾ ਹੁੰਦਾ ਹੈ ਜੋ ਕਿ ਉਸਦੇ ਸਵੈ ਨੂੰ ਖਤਮ ਨਹੀਂ ਕਰਦਾ। ਕਿਰਕੇਗਾਰਦ ਅਜਿਹੀ ਅਵਸਥਾ ਨੂੰ ਨੈਤਿਕ ਅਵਸਥਾ ਮੰਨਦਾ ਹੈ ਜੋ ਕਿ ਨਰਗਿਸ ਪਤਨੀ ਹੋਣ ਕਾਰਨ ਨੈਤਿਕ ਤੌਰ 'ਤੇ ਨਿਭਾਉਂਦੀ ਹੈ। ਇਸਦੇ ਉਲਟ ਜੇ ਇਰਫਾਨ ਦੀ ਸ਼ਖ਼ਸਿਅਤ ਦਾ ਅਧਿਐਨ ਕਰੀਏ ਤਾਂ ਉਹ ਆਪਣੇ ਪਿਆਰ ਸੰਬੰਧਾਂ ਨੂੰ ਸਮਾਜਕ ਨੇਮ-ਪ੍ਰਬੰਧ ਅਨੁਸਾਰ ਵਿਆਹ ਦੇ ਰਿਸ਼ਤੇ ਵਿਚ ਪਰਿਵਰਤਿਤ ਤਾਂ ਕਰਦਾ ਹੈ ਪਰ ਇਸਦੇ ਬਾਵਜੂਦ ਉਹ ਜ਼ਹਿਨੀ ਤੌਰ ਉੱਤੇ ਨਰਗਿਸ ਨੂੰ ਕਬੂਲ ਨਹੀਂ ਕਰ ਪਾਉਂਦਾ ਤੇ ਆਪਣੇ ਧਰਮ ਦੀ ਕੁੜੀ ਨਾਲ ਦੂਜਾ ਵਿਆਹ ਕਰ ਲੈਂਦਾ ਹੈ। ਸਾਰਤਰ ਅਨੁਸਾਰ:

ਅਸੀਂ ਕੇਵਲ ਆਪਣੇ ਅਸਤਿਤਵ ਦੇ ਲਈ ਨਹੀਂ, ਸਗੋਂ ਆਪਣੇ ਸਮਾਜ ਅਤੇ ਸਾਰੀ ਮਾਨਵਜਾਤੀ ਦੇ ਲਈ ਵੀ ਜ਼ਿੰਮੇਦਾਰ ਹੁੰਦੇ ਹਾਂ।[5]

ਪਰ ਇਰਫਾਨ, ਕਮਲੇਸ਼ ਨੂੰ ਅਪਨਾਉਣ ਲਈ ਪਹਿਲਾਂ ਉਸਦਾ ਧਰਮ ਪਰਿਵਰਤਨ ਕਰਵਾ ਉਸ ਨੂੰ ਕਮਲੇਸ਼ ਤੋਂ ਨਰਗਿਸ ਬਣਾਉਂਦਾ ਹੈ, ਮਗਰੋਂ ਉਸ ਨਾਲ ਤਾਲ-ਮੇਲ ਨਾ ਬੈਠਣ ਕਾਰਨ ਉਸਦੀ ਜਾਣਕਾਰੀ ਤੋਂ ਬਿਨਾਂ ਦੂਜਾ ਵਿਆਹ ਕਰਵਾ ਲੈਂਦਾ ਹੈ। ਇੰਝ ਉਹ ਆਪਣੇ ਮਰਦ ਪੁਣੇ ਦੇ ਹੰਕਾਰ ਤਹਿਤ ਆਪਣੀ ਕਮਿਊਨਿਟੀ ਵਿਚ ਤਾਂ ਆਪਣੀ ਹੋਂਦ ਕਾਇਮ ਰੱਖਣ ਵਿਚ ਕਾਮਯਾਬ ਹੋ ਜਾਂਦਾ ਹੈ ਪਰ ਕਮਲੇਸ਼ ਨੂੰ ਨਰਗਿਸ ਬਣਾ ਕੇ ਉਸਦੀ ਹੋਂਦ ਉੱਤੇ ਪ੍ਰਸ਼ਨ ਚਿੰਨ੍ਹ ਲਾਉਂਦਾ ਪ੍ਰਤੀਤ ਹੁੰਦਾ ਹੈ। ਆਪਣੀ ਗੁਆਚੀ ਹੋਂਦ ਦਾ ਸੰਤਾਪ ਨਰਗਿਸ ਨੂੰ ਮਰਨ ਤੋਂ ਬਾਅਦ ਵੀ ਭੋਗਣਾ ਪੈਂਦਾ ਹੈ। ਉਸਦੀ ਪੀੜਤ ਆਤਮਾ ਧਰਮ ਦੇ ਠੇਕੇਦਾਰਾਂ ਨੂੰ ਕੁਝ ਇਸ ਪ੍ਰਕਾਰ ਸੰਬੋਧਨ ਕਰਦੀ ਹੈ:

ਓ ਮੌਲਵੀ ਜੀ ਮੇਰਾ ਯਕੀਨ ਕਰੋ, ਮੈਂ ਆਪਣਾ ਧਰਮ ਬਦਲਿਆ ਸੀ। ਮੈਂ ਕਮਲੇਸ਼ ਤੋਂ ਨਰਗਿਸ ਬਣੀ ਸਾਂ। ਮੈਨੂੰ ਪਾਕ ਕਲਮਾ ਪੜਵਾਇਆ ਗਿਆ ਸੀ .. ਮੈਂ ਸ਼ਰਅ ਮੁਤਾਬਕ ਹੀ ਇਰਫਾਨ ਮਲਿਕ ਨਾਲ ਨਿਕਾਹ ਕੀਤਾ ਤੇ ਉਹਦੀ ਸ਼ਰੀਕੇ ਹਯਾਤ ਬਣੀ ਸਾਂ ਮੈਨੂੰ ਦਫ਼ਨਾ ਦਿਓ।
ਰੁਕੋ ਰੁਕੋ ਪੰਡਤ ਜੀ! ਤੁਸੀਂ ਹੀ ਮੇਰੀ ਅਰਜ਼ ਸੁਣ ਲਓ...ਮੈਂ ਇਕ ਹਿੰਦੂ ਪਰਿਵਾਰ ਦੀ ਧੀ ਹਾਂ। ਪੂਜਾ ਪਾਠ, ਮਸਿਆ, ਪੁੰਨਿਆ ਹਰ ਵਰਤ ਰੱਖਦੀ ਰਹੀ ਹਾਂ।....ਮੈਨੂੰ ਮੁਕਤ ਕਰੋ...ਦੋ ਮੁੱਠ ਲੱਕੜਾਂ ਲੈ ਕੇ ਮੈਨੂੰ ਕਿਸੇ ਸ਼ਮਸ਼ਾਨ ਵਿਚ ਸਾੜ ਦਿਓ।[6]

ਇੰਝ ਜਿਉਂਦੇ ਰਹਿੰਦਿਆਂ ਨਰਗਿਸ ਉਰਫ਼ ਕਮਲੇਸ਼ ਦੀ ਤ੍ਰਾਸਦਿਕ ਹੋਣੀ ਅਤੇ ਮਰਨ ਤੋਂ ਬਾਅਦ ਉਸਦੀ ਭਟਕਦੀ ਰੂਹ ਅਤੇ ਪੀੜਤ ਆਤਮਾ ਦਾ ਜ਼ਿੰਮੇਦਾਰ ਇਰਫਾਨ ਮਲਿਕ ਹੀ ਨਜ਼ਰ ਆਉਂਦਾ ਹੈ। ਪ੍ਰਸਿਧ ਮਨੋਵਿਗਿਆਨੀ ਯੁੰਗ ਆਪਣੇ ਅਧਿਐਨ ਵਿਚ ਸਮੂਹਿਕ ਅਵਚੇਤਨ ਨੂੰ ਮੁਖ ਮੰਨਦਾ ਹੋਇਆ ਚਾਰ ਪ੍ਰਕਾਰ ਦੇ ਆਦਿਮ ਰੂਪਾਂ ਦੀ ਗੱਲ ਕਰਦਾ ਹੈ ਜਿਸ ਵਿਚਲਾ ਇਕ ਰੂਪ 'ਪਰਸੋਨਾ' ਹੈ ਜਿਸ ਦਾ ਅਰਥ 'ਨਕਾਬ' ਹੁੰਦਾ ਹੈ। ਭਾਵ ਇਹ ਵਿਅਕਤੀ ਦਾ ਉਹ ਰੂਪ ਹੈ ਜੋ ਉਸਦੇ ਵਾਸਤਵਿਕ ਰੂਪ ਤੋਂ ਭਿੰਨ ਹੁੰਦਾ ਹੈ। ਕਹਾਣੀ ਦਾ ਪਾਤਰ ਇਰਫਾਨ ਵੀ ਇਸੇ ਪ੍ਰਕਾਰ ਦੇ ਨਕਾਬ ਨੂੰ ਪਾਈ ਕਮਲੇਸ਼ ਉਰਫ਼ ਨਰਗਿਸ ਦੀ ਜ਼ਿੰਦਗੀ ਵਿਚ ਦਾਖਿਲ ਹੁੰਦਾ ਹੈ ਪਰ ਦੂਜੇ ਧਰਮ ਦੀ ਕੁੜੀ ਨਾਲ ਵਿਆਹ ਕਰਵਾਉਣ ਮਗਰੋਂ ਉਹ ਹੀਣ-ਭਾਵਨਾ ਦਾ ਸ਼ਿਕਾਰ ਹੋ ਜਾਂਦਾ ਹੈ ਤੇ ਮਾਨਸਿਕ ਤੌਰ ਉੱਤੇ ਕਮਲੇਸ਼ ਨੂੰ ਸਵੀਕਾਰ ਨਹੀਂ ਕਰਦਾ। ਇਰਫ਼ਾਨ ਦੀ ਇਹੀ ਹੀਣ-ਭਾਵਨਾ ਕਮਲੇਸ਼ ਉਰਫ਼ ਨਰਗਿਸ ਦੀ ਤ੍ਰਾਸਦੀ ਦਾ ਕਾਰਨ ਬਣਦੀ ਹੈ। ਇਸ ਤੋਂ ਇਲਾਵਾ ਨਰਗਿਸ ਮੌਤ ਮਗਰੋਂ ਆਪਣੀ ਦੇਹ ਦੀ ਦੁਰਦਰਸ਼ਾ ਦਾ ਬਿਆਨ ਕਰ, ਨਾ ਕੇਵਲ ਧਰਮ ਦੇ ਠੇਕੇਦਾਰਾਂ ਦੇ ਪਖੰਡ ਨੂੰ ਪਾਠਕਾਂ ਸਾਹਮਣੇ ਦਰਪੇਸ਼ ਕਰਦੀ ਹੈ, ਜੋ ਕਿ ਇਨਸਾਨਿਅਤ ਤੋਂ ਕੋਸੋ ਦੂਰ ਨੇ, ਸਗੋਂ ਸਮਾਜ ਵਿਚ ਘਟੱਦੀ ਮਨੁੱਖਤਾ ਜਾਂ ਮਾਨਵਵਾਦੀ ਭਾਵਨਾਵਾਂ ਵਲ ਵੀ ਇਸ਼ਾਰਾ ਕਰਦੀ ਹੈ। ਪਿਆਰ ਦੇ ਆਧਾਰ 'ਤੇ ਖੜਾ ਕਮਲੇਸ਼ ਉਰਫ ਨਰਗਿਸ ਅਤੇ ਇਰਫਾਨ ਦਾ ਰਿਸ਼ਤਾ ਪੂਰੀ ਕਹਾਣੀ ਵਿਚ ਪਿਆਰ ਤੋਂ ਮਨਫ਼ੀ/ਮੁਨਕਰ ਹੋਇਆ ਜਾਪਦਾ ਹੈ।

## ਹਵਾਲੇ ਤੇ ਟਿੱਪਣੀਆਂ :

---

[1] ਨੀਰ, ਸੁਰਿੰਦਰ, ਖੁੱਲ੍ਹ ਜਾ ਸਿੰਮ ਸਿੰਮ, ਪੰਨੇ 119-120
[2] ਉਹੀ, ਪੰਨਾ 121
[3] ਉਹੀ ਪੰਨਾ 123
[4] ਉਹੀ, ਪੰਨਾ 122
[5] ਨਿਗਮ, ਸ਼ੋਭਾ, ਪਾਸ਼ਚਾਤਯ ਦਰਸ਼ਨ ਕੇ ਸੰਪ੍ਰਦਾਇ, ਪੰਨਾ 167
[6] ਨੀਰ, ਸੁਰਿੰਦਰ, ਖੁੱਲ੍ਹ ਜਾ ਸਿੰਮ ਸਿੰਮ, ਪੰਨਾ 127